(ਹਸਬ ਜ਼ਾਬਤਾ ਰਜਿਸਟਰੀ ਕਰਾਈ ਗਈ ਹੈ ਕੋਈ ਨਾ ਛਾਪੇ)

ਦਸਖਤ ਜਾਂ ਮੋਹਰ ਤੋਂ ਬਗੈਰ ਮਾਲ ਚੋਰੀਦਾ ਸਮਝੋ

---

# ਸੋਹਣੀ ਮਹੀਂਵਾਲ

## ਕ੍ਰਿਤ ਕਵਿ ਜੀਵਾ ਸਿੰਘ

ਜਿਸ ਨੂੰ

**ਜੀਵਾ ਸਿੰਘ ਦੇ ਵਾਰਸਾਂ ਪਾਸੋਂ**

ਹਕ ਕਾਪੀ ਰਾਈਟ ਖਰੀਦ ਕਰ

## ਮੀਆਂ ਮਹੰਮਦ ਬਖ਼ਸ਼

**ਫਜ਼ਲ ਹੁਸੈਨ ਤਾਜਰਾਨ ਕੁਤਬ ਲੁਦਿਆਨਾ ਨੇ ਭਾਈ ਵਰਿਆਮ ਸਿੰਘ ਕਵੀਸ਼ਰ ਪਾਸੋਂ ਸੁਧ ਕਰਾਕੇ ਛਪਵਾਈ**

یہ کتاب و نیز ہر قسم کی کتابیں شیخ محمد بخش فضل حسین
تاجرانِ کُتب لودیانہ سے مِل سکتی ہیں

---

(ਸਿਰਫ ਟੈਟਲ ਪੇਜ) ਪੰਜਾਬ ਕੁਮਰਸ਼ਲ ਪ੍ਰੈਸ ਅੰਮ੍ਰਿਤਸਰ
ਵਿਚ ਭਾਈ ਰਲਾ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ ਛਪਿਆ ॥

ਤੀਜੀ ਵਾਰ ੧੦੦੦ ਕੀਮਤ ।।।)

# ੧ ੴਸਤਿਗੁਰਪ੍ਰਸਾਦਿ ॥

## ਅਬ ਕਿੱਸਾ ਸੋਹਣੀ ਮੇਹੀਂਵਾਲ
## ਕ੍ਰਿਤ ਕਵਿ ਜੀਵਾ ਸਿੰਘ ਕੀ ਲਿਖਯਤੇ

ਸਵੈਯਾ ॥ ਆਦਿ ਉਮਾਪਤਿ ਕੇ ਸੁਤ ਕੋ ਮਮ ਬੰਦਨਾਹੈ ਉਰ ਧਾਰਨ ਕੋ ॥ ਸੋ ਗਨੇਸ਼ ਕਲੇਸ਼ ਕਾ ਨਾਸ ਕਰੇ ਦਲ ਬੰਚਕ ਦੁਸ਼ਟ ਬਿਡਾਰਨ ਕੋ ॥ ਤੂੰਹੀ ਸੰਗਸਹਾਇਕ ਹੈਂ ਦੂਰਗੇ ਕਵਿ ਕੇ ਮਨਬੁਧਿ ਖਲਾਰਨਕੋ। ਜੀਵਾਸਿੰਘਰਿਹਾ ਤੁਮਰੀ ਸਰਣੀ ਛੰਦ ਸੋਹਨੀ ਨਾਰ ਉਚਾਰਨ ਕੋ ॥੧॥ ਸਵੈਯਾ ॥ ਤੂੰ ਹਰਣਾਕਸ਼ ਛੇਦਨ ਕੋ ਨਰਸਿੰਘ ਭਯੋ ਪਰਲਾਦ ਕੇ ਕਾਜਾ॥ ਬਾਵਨ ਰੂਪ ਧਰਯੋ ਤੁਮਨੇ ਸੁਰ ਰਾਜਕੇ ਕਾਜ ਛਲਿਓ ਬਲ ਰਾਜਾ ॥ ਦ੍ਰੋਪਤਾ ਚੀਰ ਉਬਾਰ ਦਯੋ ਤੁਮ ਰਾਖ ਲਯੋ ਸਰਨਾ ਗਤਿ ਲਾਜਾ ॥ ਸੇਵਕ ਸਿਖ ਉਬਾਰਣ ਕੋ ਭਵ ਸਾਗਰ ਤਾਰਣ ਕਾਜ ਜਹਾਜਾ॥੨॥ ਇਹ ਜਾਨ ਕਰੋ ਮੁਹਿ ਆਪਦਯਾ ਗੁਰੂ ਮੈਂ ਤੁਮਰੀ ਵਲ ਧਿਆਨ ਲਗਾਇਓ ॥ ਜਲ ਮੱਧ ਛੁਡਾਏ ਬਲੀਗਜਕੋ ਤੁਮ ਰਾਖਲਯੋ ਨਹਿ ਡੂਬਣਪਾਇਓ। ਪ੍ਰਗੱਟਹੂਏ ਗੁਰੂ ਨਾਨਕ ਸਾਹਿਬ ਭੂਲ ਰਹੇ ਜਨ ਮਾਰਗ ਪਾਇਓ ॥ ਤੌਬਲਤੇ ਜੀਵਾਸਿੰਘ ਕਹੇ ਹਮ ਚਾਹਤ ਹੌਂ ਮਹੀਂ ਵਾਲ ਬਨਾਇਓ ॥ ੩ ॥ ਕਬਿੱਤ ॥ ਏਸ ਜੋ ਜਹਾਨ ਰੁਸੂ ਰਬ ਦੇ ਦੀਵਾਨ ਰਹੇ ਜਿਨਾਂ ਦੇ ਇਮਾਨ ਤੇ ਜਹਾਨ ਸਾਰੇ

ਗਾਉਂਦਾ ॥ ਭਏ ਮਨਜ਼ੂਰ ਘਰ ਆਸ਼ਕੀ ਦਾ ਦੂਰ ਜਿਵੇਂ ਚੜਨਾ ਖਜੂਰ ਹਥ ਬਿਰਲਾਈ ਪੌਂਉਂਦਾ॥ਡੰਗਦਾ ਇਸ਼ਕ ਕਰ ਸਿਟਦਾ ਵਿਰਾਨ ਹੋਇ ਜਾਨ ਉਦਿਆਨ ਜਿਨਾਂ ਵਲ ਫੇਰਾ ਪਾਉਂਦਾ ॥ ਜਿਵੇਂ ਗੁਜਰਾਤ ਵਿਚ ਸੋਹਣੀ ਦੀ ਬਾਤ ਅਗੇ ਬੀਤਿਆ ਹਵਾਲ ਜੀਵਾਸਿੰਘਹੈ ਸੁਨਾਉਂਦਾ ॥੪॥ਬਡੋ ਉਸਤਾਦ ਕੰਮ ਹੁਨਰਾਂਦੇ ਯਾਦ ਘਰ ਨਹੀਂ ਸੀ ਉਲਾਦ ਤੁਲਾ ਨਾਮ ਥੀਂ ਸਦਾਉਂਦਾ॥ ਨੇਕਵੰਦ ਭਲਾ ਇਹੋ ਦਿਲ ਵਿਚ ਸੋਕ ਰਹੇ ਸਾਂਝ ਨ ਜਹਾਨ ਗੰਮ ਸਭ ਨੂੰ ਹਰਾਉਂਦਾ ॥ ਬਾਗ ਤੇ ਮਸੀਤਾਂ ਏਹੋ ਪੁੰਨਦੀਆਂ ਰੀਤਾਂ ਆਏਗਏ ਅਸ਼ਰਾਮ ਲਖ ਤਕੀਏ ਬਨਾਉਂਦਾ ॥ ਵਧੀਆ ਦੁਕਾਨ ਕਾਰੀਗਰ ਹੈ ਮਹਾਨ ਸੁਣ ਭਾਂਡਿਆਂਤਰੀਫ਼ ਸਭ ਦੇਖਣੇ ਨੂੰ ਆਉਂਦਾ॥ ੫॥ਬੈਠਕਾਂਚਬਾਰੇ ਪਾਏ ਬਡੇ ਅਸ਼ਰਾਮ ਭਾਰੇ ਪੁੰਨਰਾਹਪੈਸਾ ਜੋ ਧਰਮ ਹੇਤ ਲਾਉਂਦਾ॥ ਬੰਗੁਲੇ ਰੰਗੀਲੇ ਭਲੀ ਭਾਂਤਸੇ ਉਸਾਰੇ ਆਏ ਗਏ ਜੋ ਮੁਸਾਫ਼ਰ ਦੇ ਵਾਸਤੇ ਪੁਵੌਉਂਦਾ । ਕੇਤਨੇ ਮਕਾਨ ਅਸਥਾਨਦਰਵੇਸ਼ਾਂ ਤਾਂਈ ਤਕੀਏ ਤੇ ਦਾਇ ਦਾ ਮੇਚ ਨਹੀਂ ਆਉਂਦਾ ॥ ਦਯਾਵਾਨ ਲੋਕ ਕੋਈ ਸੈਆਂ ਵਿਚੋਂ ਇਕ ਅਧਾ ਹੋਏ ਨਾ ਹਰੇਕ ਜੀਵਾਸਿੰਘ ਹੈ ਸੁਨਾਉਂ-ਦਾ ॥੬॥ ਬਾਵਲੀ ਤਲਾਉ ਕਈ ਬਾਗਭੀ ਲਵਾਇ ਦਿਤੇ ਬਾਰਾਂਦਰੀ ਚੌਂਕ ਚਾਰੋ ਤਰਫ ਰਖਾਏ ਹੈਂ। ਹੌਦ ਭਰੇ ਜਲਦੇ ਹਮੇਸ਼ ਹੀ ਰਹਣ ਪੂਰੇ ਪੀਵਣ ਜਨਾਵਰ ਅਨੇਕ ਸੁਖਪਾਏ ਹੈਂ ॥ ਵਗਣ ਫੁਹਾਰੇ ਤੇ ਉਭਾਰੇ ਖਾਇ ਗਿਰੇ ਜਲ ਵਾਂਗ ਜੋ

ਅਨਾਰ ਚੜ ਛੁਟਨ ਸੁਵਾਏ ਹੈਂ॥ ਰਚਨਾ ਅਪਾਰ ਜਗ ਬਣੀ ਹੈ ਭਿਸਤ ਵਾਲੀ ਜੀਵਾਸਿੰਘ ਦੇਖ ਚਿਤ ਸਭਕੇ ਲੁਭਾਇ ਹੈਂ ॥ ੭ ॥ ਸਜਨਪਾਲੋਪਾਲੀਆਂ ਬਗੀਚੀਆਂ ਨਿਰਾਲੀਆਂ ਲਮਕ ਰਹੀਆਂ ਡਾਲੀਆਂ ਝੁਕੇ ਜੋ ਨਾਲ ਭਾਰਦੇ॥ ਗੇਂਦਾ ਗੁਲਬਾਸ ਜੋ ਟਹਕ ਰਿਹਾ ਥਾਂਇ ਥਾਂਇ ਮੌਲ ਰਹੇ ਬੂਟੇ ਚੰਬੇ ਕੇਵੜੇ ਅਨਾਰਦੇ॥ ਕੇਤਕੀ ਰੁਵੇਲ ਖਿੜ ਰਹੀ ਵਿੱਚ ਦਾਖ ਬੇਲ ਸਾਉਗੀ ਮੁਨਕਾਪੂਰਰਿਹਾ ਵਿਚ ਡਾਰਦੇ॥ ਮਰੂਆ ਚੰਬੇਲੀ ਔ ਸਰਸ ਰਹੀ ਲਾਜਵੰਤੀ ਕਰਾਂਕੀ ਬਿਆਨ ਐਸੀ ਖਿੜੀ ਗੁਲਜ਼ਾਰਦੇ ॥੮॥ ਜਾਮਣ ਜਮੋਆ ਅੰਬ ਆਮਲੀ ਅਨੇਕ ਤਰਾਂ ਖਿੜੀ ਕਚਨਾਲ ਫੁੱਲਾਂ ਨਾਲ ਜੋ ਸੁਹਾਈ ਹੈ॥ ਖੋਪਾ ਤੇ ਖਰੋਟ ਬੂਟੇ ਪਿਸਤੇ ਬਦਾਮਾਂ ਦੇ ਭੀ ਖਿਰਣੀ ਖਜੂਰ ਸਰੂਨਾਲ ਸੋਭਾ ਪਾਈ ਹੈ॥ ਖਟੇ ਮਿਠੇ ਸੇਉ ਤੇ ਸ਼ਤੂਤ ਵਿੱਚ ਪੱਕ ਰਹੇ ਟਸ ਰਿਹਾ ਬਾਗ ਰਸਦਾਰ ਮਿਠਿਆਈ ਹੈ॥ ਝੂਲ ਰਹੇ ਰੁੱਖ ਭੁੱਖ ਦੁਖ ਲਹੇ ਮਾਣਸਾਂ ਦੇ ਜੀਵਾਸਿੰਘ ਤੁੱਲੇ ਐਸੀ ਰਚਨਾ ਰਚਾਈ ਹੈ॥ ੯ ॥ ਆਵਲੇ ਬਹੇੜੇ ਔ ਬ੍ਰਿਖ ਗਿਣਾਂਕੇੜਕੇੜੇ ਨਿੰਮਟਾਲੀ ਢੇਕਔਰਬੇਰੀਆਂ ਬਬੇਰੀਆਂ॥ ਖਿਲੀ ਫੁਲਵਾੜੀ ਤੇ ਸੁਰਖਗੁਲ ਬੂਟੀਆਂਨੂੰ ਝੂਲਬੁਲਾਂ ਪੌਂਦੀਆਂ ਅਨੰਦਨਾਲ ਫੇਰੀਆਂ॥ ਮੁਸ਼ਕੇ ਗੁਲਾਬ ਖੁਸ਼ਬੋਇ ਤੇ ਗਿਰਨ ਭੌਰ ਰਸ ਮਾਣ ਹੋਏ ਜੋ ਪੁਸ਼ਪ ਪਰ ਫੇਰੀਆਂ॥ਸਾਰਸ ਸੁਰਖ ਤੇ ਅਗਨ ਬਈਏ ਜਾਨਵਰ ਜੀਵਾਸਿੰਘਾ ਹੋਈਆਂ ਮਨ ਸਭ ਕੇ ਦਲੇਰੀਆਂ॥ ੧੦ ॥ ਰਬ ਦੀ ਮੇਹਰ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.